## ਇਹਨਾਂ ਵਾਸਤੇ ਸੁਣਨ ਅਤੇ ਬੋਲਣ ਦੀ ਜਾਂਚ ਸੂਚੀ ...

.............................................................................................

### ਜਨਮ ਤੋਂ 3 ਮਹੀਨੇ ਤੱਕ

- ☐ ਜਾਣੀਆਂ ਪਛਾਣੀਆਂ ਆਵਾਜ਼ਾਂ ਜਾਂ ਬੋਲਾਂ ਨਾਲ ਸ਼ਾਂਤ ਹੋ ਜਾਂਦਾ ਹੈ
- ☐ ਅਚਾਨਕ ਖੜਾਕ ਹੋਣ ਤੇ ਡਰਦਾ ਜਾਂ ਉਛਲਦਾ ਹੈ

### 3 ਤੋਂ 6 ਮਹੀਨੇ

- ☐ ਦਿਲਚਸਪ ਆਵਾਜ਼ਾਂ ਵੱਲ ਸਿਰ ਮੋੜਦਾ ਜਾਂ ਵੇਖਦਾ ਹੈ
- ☐ ਇਉਂ ਜਾਪਦਾ ਹੈ ਜਿਵੇਂ ਸੁਣਦਾ ਹੈ
- ☐ ਆਵਾਜ਼ ਨਾਲ ਛੇਤੀ ਜਾਗਦਾ ਹੈ
- ☐ ਬੋਲਣ ਵਰਗੀਆਂ ਆਵਾਜ਼ਾਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ

### 6 ਤੋਂ 12 ਮਹੀਨੇ

- ☐ ਸਾਧਾਰਣ ਸ਼ਬਦਾਂ ਨੂੰ ਜਿਵੇਂ ‘ਨਾਂਹ’ ਅਤੇ ‘ਅਲਵਿਦਾ’ ਨੂੰ ਸਮਝਦਾ ਹੈ
- ☐ ਬੋਲਣ ਵਾਲੀਆਂ ਆਵਾਜ਼ਾਂ ਦੀ ਨਕਲ ਕਰਨੀ ਸ਼ੁਰੂ ਕਰਨੀ
- ☐ ਹੌਲੀ ਬੋਲੀਆਂ ਆਵਾਜ਼ਾਂ ਵੱਲ ਸਿਰ ਕਰਨਾ

### 12 ਤੋਂ 18 ਮਹੀਨੇ

- ☐ ਇਉਂ ਜਾਪਦਾ ਹੈ ਹਰੇਕ ਹਫਤੇ ਹੋਰ ਸ਼ਬਦਾਂ ਨੂੰ ਸਮਝਦਾ ਹੈ
- ☐ ਜਦੋਂ ਪੁੱਛਿਆ ਜਾਂਦਾ ਹੈ, ਲੋਕਾਂ ਵੱਲ, ਸਰੀਰ ਦੇ ਅੰਗਾਂ ਜਾਂ ਖਿਡਾਉਣਿਆਂ ਵੱਲ ਇਸ਼ਾਰਾ ਕਰਦਾ ਹੈ
- ☐ ਸਾਧਾਰਣ ਬੋਲਣ ਦੇ ਨਿਰਦੇਸ਼ਾਂ ਜਿਵੇਂ ‘ਬੈਠ ਜਾਓ’ ਦੀ ਪਾਲਣਾ ਕਰਦਾ ਹੈ
- ☐ ਦੋ ਤੋਂ ਤਿੰਨ ਅਸਲੀ ਸ਼ਬਦ ਜਿਵੇਂ ‘ਗੇਂਦ’, ‘ਕੁੱਤਾ’, ‘ਕਾਰ’ ਬੋਲਦਾ ਹੈ

ਜੇਕਰ ਤੁਹਾਡਾ ਆਪਣੇ ਬੱਚੇ ਦੇ ਸੁਣਨ ਬਾਰੇ ਕੋਈ ਚਿੰਤਾਵਾਂ ਹਨ, ਆਪਣੇ ਬੱਚੇ ਦੇ ਡਾਕਟਰ ਨੂੰ ਜਾਂ ਆਪਣੇ ਸਥਾਨਿਕ ਕਲੀਨਿਕ ਦੇ ਕਰਮਚਾਰੀਆਂ ਨਾਲ ਸੰਪਰਕ ਕਰੋ।

Reviewed 2018




ਕੁਈਂਨਜ਼ਲੈਂਡ ਹੈਲਥ ਹੈਲਥੀ ਹੀਅਰਿੰਗ ਪ੍ਰੋਗਰਾਮ ਦਾ ਉਦੇਸ਼ ਪੂਰੇ ਤਰ੍ਹਾਂ ਬੋਲੇ ਪੈਦਾ ਹੋਏ ਬੱਚਿਆਂ ਦੀ ਪਛਾਣ ਕਰਨਾ ਹੈ। ਮੈਡੀਕੇਅਰ ਦੇ ਯੋਗ ਕੁਈਂਨਜ਼ਲੈਂਡ ਵਿੱਚ ਪੈਦਾ ਹੋਏ ਸਾਰੇ ਬੱਚਿਆਂ ਲਈ ਇਹ ਮੁਫਤ ਅਤੇ ਉਪਲਬਧ ਹੈ।

**www.health.qld.gov.au/healthyhearing**

Queensland Government

Language: Punjabi



# ਤੁਹਾਡੇ ਬੱਚੇ ਦੀ ਸੁਣਨ ਸਕਤੀ ਦੀ ਛਾਣਬੀਣ

## ਜੇਕਰ ਮੈਂ ਤੁਹਾਨੂੰ ਸੁਣ ਸਕਦਾ ਹਾਂ ਤੁਹਾਨੂੰ ਕਿਵੇਂ ਪਤਾ ਲੱਗੇਗਾ?

Queensland Government

# ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਛਾਣਬੀਣ

ਤੰਦਰੁਸਤ ਸੁਣਨ ਸ਼ਕਤੀ ਜ਼ਿੰਦਗੀ ਦੇ ਪਹਿਲੇ ਮਹੀਨਿਆਂ ਤੋਂ ਸ਼ੁਰੂ ਕਰਕੇ ਤੁਹਾਡੇ ਬੱਚੇ ਦੇ ਬੋਲਣ ਅਤੇ ਭਾਸ਼ਾ ਦੇ ਵਿਕਾਸ ਲਈ ਨਾਜ਼ੁਕ ਹੈ। ਹਰੇਕ 1000 ਵਿੱਚੋਂ ਲੱਗਭੱਗ ਇਕ ਜਾਂ ਦੋ ਬੱਚਿਆਂ ਨੂੰ ਅਹਿਮ ਬੋਲਾਪਨ ਹੋਵੇਗਾ।

ਜੇਕਰ ਬੋਲੇਪਨ ਨੂੰ ਸ਼ੁਰੂਆਤੀ ਅਵਸਥਾ ਵਿੱਚ ਨਾ ਪਕੜਿਆ ਜਾਵੇ, ਇਹ ਤੁਹਾਡੇ ਬੱਚੇ ਦੇ ਬੋਲਣ ਅਤੇ ਭਾਸ਼ਾ ਦੇ ਵਿਕਾਸ, ਅਤੇ ਭਵਿੱਖ ਵਿੱਚ ਸਕੂਲੀ ਸਿੱਖਿਆ ਉਪਰ ਅਸਰ ਪਾ ਸਕਦਾ ਹੈ।

## ਸੁਣਨ ਸ਼ਕਤੀ ਦੀ ਮੁਲਾਕਾਤ ਵਾਸਤੇ

.........................

ਤਰੀਕ .....................

ਸਮਾਂ ......................

ਜਗ੍ਹਾ ......................

## ਬੱਚੇ ਦੀ ਸਿਹਤ ਜਾਂਚਾਂ ਦਾ ਹਿੱਸਾ

ਹੈਲਥੀ ਹੀਅਰਿੰਗ ਪ੍ਰੋਗਰਾਮ ਦਾ ਉਦੇਸ਼ ਪੂਰੇ ਤਰ੍ਹਾਂ ਬੋਲੇ ਪੈਦਾ ਹੋਏ ਬੱਚਿਆਂ ਦੀ ਪਛਾਣ ਕਰਨਾ ਹੈ। ਮੈਡੀਕੇਅਰ ਦੇ ਯੋਗ ਕੁਈਂਜ਼ਲੈਂਡ ਵਿੱਚ ਪੈਦਾ ਹੋਏ ਸਾਰੇ ਬੱਚਿਆਂ ਲਈ ਇਹ ਮੁਫ਼ਤ ਅਤੇ ਉਪਲਬਧ ਹੈ।

ਤੁਹਾਡੇ ਬੱਚੇ ਨੂੰ ਜਨਮ ਤੋਂ ਬਾਅਦ ਕਈ ਸਾਰੀਆਂ ਸਿਹਤ ਜਾਂਚਾਂ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਹਨਾਂ ਵਿੱਚੋਂ ਇਕ ਬੋਲੇਪਨ ਦੀ ਛਾਣਬੀਣ ਹੈ। ਇਹ ਛਾਣਬੀਣ ਜਨਮ ਤੋਂ ਬਾਅਦ ਜਿੰਨ੍ਹੀ ਛੇਤੀ ਸੰਭਵ ਹੋ ਸਕੇ ਕੀਤੀ ਜਾਣੀ ਚਾਹੀਦੀ ਹੈ। ਜੇਕਰ ਛਾਣਬੀਣ ਤੁਹਾਡੇ ਤੇ ਤੁਹਾਡੇ ਬੱਚੇ ਦੇ ਹਸਪਤਾਲੋਂ ਜਾਣ ਤੋਂ ਪਹਿਲਾਂ ਨਹੀਂ ਹੋਈ, ਤੁਹਾਡੇ ਘਰ ਜਾਣ ਤੋਂ ਛੇਤੀ ਬਾਅਦ ਤੁਹਾਡਾ ਬੱਚਾ ਹਾਲੇ ਵੀ ਬਾਹਰੀ ਮਰੀਜ਼ ਵਜੋਂ ਛਾਣਬੀਣ ਕਰਵਾ ਸਕਦਾ ਹੈ।

## ਛਾਣਬੀਣ ਕਿਵੇਂ ਕੀਤੀ ਜਾਂਦੀ ਹੈ?

ਸੁਣਨ ਸ਼ਕਤੀ ਦੀ ਛਾਣਬੀਣ ਤੁਹਾਡੇ ਬੱਚੇ ਨੂੰ ਦੁਖੀ ਨਹੀਂ ਕਰਦੀ ਹੈ। ਇਕ ਨਰਸ ਜਾਂ ਸੁਣਨ ਸ਼ਕਤੀ ਦੀ ਛਾਣਬੀਣ ਵਾਲਾ ਸਿੱਖਿਅਤ ਵਿਅਕਤੀ ਛਾਣਬੀਣ ਕਰੇਗਾ ਜਦੋਂ ਤੁਹਾਡਾ ਬੱਚਾ ਸ਼ਾਂਤ ਜਾਂ ਸੁੱਤਾ ਹੁੰਦਾ ਹੈ। ਕਈ ਸਾਰੀਆਂ ਨਰਮ ਗੱਦੀਆਂ ਤੁਹਾਡੇ ਬੱਚੇ ਦੇ ਸਿਰ ਉਪਰ ਸਹਿਜ ਨਾਲ ਰੱਖੀਆਂ ਜਾਣਗੀਆਂ ਅਤੇ ਨਰਮ ਕੰਨਾਂ ਵਾਲਾ ਫੋਨ ਹਰੇਕ ਕੰਨ ਉਪਰ ਆਰਾਮ ਨਾਲ ਲਗਾਇਆ ਜਾਵੇਗਾ। ਤਦ ਕੋਮਲ ਆਵਾਜ਼ਾਂ ਦੀ ਲੜੀ ਤੁਹਾਡੇ ਬੱਚੇ ਦੇ ਕੰਨਾਂ ਵਿੱਚ ਸੁਣਾਈ ਜਾਵੇਗੀ। ਗੱਦੀਆਂ ਤੁਹਾਡੇ ਬੱਚੇ ਦੇ ਆਵਾਜ਼ਾਂ ਪ੍ਰਤੀ ਹੁੰਗਾਰਿਆਂ ਨੂੰ ਰਿਕਾਰਡ ਕਰਨਗੀਆਂ।

## ਮੈਨੂੰ ਨਤੀਜਿਆਂ ਬਾਰੇ ਕਦੋਂ ਪਤਾ ਲੱਗੇਗਾ?

ਛਾਣਬੀਣ ਦੇ ਨਤੀਜਿਆਂ ਦਾ ਪਤਾ ਉਸੇ ਵੇਲੇ ਲੱਗ ਜਾਵੇਗਾ, ਅਤੇ ਇਸ ਨੂੰ ਤੁਹਾਡੇ ਬੱਚੇ ਦੇ ਨਿੱਜੀ ਸਿਹਤ ਰਿਕਾਰਡ ਵਿੱਚ ਰਿਕਾਰਡ ਕੀਤਾ ਜਾਵੇਗਾ। ਛਾਣਬੀਣ ਕਰ ਰਿਹਾ ਵਿਅਕਤੀ ਨਤੀਜਿਆਂ ਬਾਰੇ ਤੁਹਾਡੇ ਨਾਲ ਵਿਚਾਰ ਕਰੇਗਾ। ਜੇਕਰ ਕੋਈ ਚੀਜ਼ ਜਿਸ ਬਾਰੇ ਤੁਸੀਂ ਨਿਸ਼ਚਿੰਤ ਨਹੀਂ ਹੋ, ਸਵਾਲ ਪੁੱਛੋ।

## ਛਾਣਬੀਣ ਸਾਨੂੰ ਕੀ ਜਾਣਕਾਰੀ ਦੇਵੇਗੀ?

ਹਰੇਕ ਕੰਨ ਵਾਸਤੇ, ਛਾਣਬੀਣ ‘ਪਾਸ’ ਜਾਂ ‘ਅੱਗੇ ਭੇਜਣ’ ਵਾਲਾ ਨਤੀਜਾ ਦੇਵੇਗੀ। ਛਾਣਬੀਣ ਤੁਹਾਨੂੰ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਬਾਰੇ ਵਿਸਥਾਰ ਵਿੱਚ ਜਾਣਕਾਰੀ ਨਹੀਂ ਦੇਵੇਗੀ।

## ‘ਪਾਸ’ ਨਤੀਜੇ ਦਾ ਕੀ ਮਤਲਬ ਹੈ?

ਦੋਵਾਂ ਕੰਨਾਂ ਦਾ ‘ਪਾਸ’ ਨਤੀਜਾ ਦੱਸਦਾ ਹੈ ਕਿ ਇਸ ਦੀ ਸੰਭਾਵਨਾ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਬੋਲਾਪਨ ਹੈ ਜੋ ਉਹਨਾਂ ਦੇ ਬੋਲਣ ਅਤੇ ਭਾਸ਼ਾ ਦੇ ਵਿਕਾਸ ਉਪਰ ਅਸਰ ਪਾਵੇਗਾ।

ਥੋੜ੍ਹੀ ਗਿਣਤੀ ਵਿੱਚ ਬੱਚੇ ਸ਼ਾਇਦ ਛਾਣਬੀਣ ਨੂੰ ਪਾਸ ਕਰ ਲੈਣਗੇ, ਪਰ ਉਹਨਾਂ ਨੂੰ ਬੋਲੇਪਨ ਦੀਆਂ ਕਿਸਮਾਂ ਦੇ ਖਤਰੇ ਵਾਲੇ ਜਾਣੂ ਕਾਰਕ ਹੋ ਸਕਦੇ ਹਨ ਜਿੰਨ੍ਹਾਂ ਨੂੰ ਪ੍ਰਗਟ ਹੋਣ ਵਿੱਚ ਲੰਬਾ ਸਮਾਂ ਲੱਗਦਾ ਹੈ। ਜੇਕਰ ਮਾਮਲਾ ਇਸ ਤਰ੍ਹਾਂ ਦਾ ਹੈ ਤਾਂ ਤੁਹਾਡੇ ਬੱਚੇ ਨੂੰ ਉਸ ਦੇ ਪਹਿਲੇ ਜਨਮ ਦਿਨ ਤੋਂ ਪਹਿਲਾਂ ਔਡੀਓਲੋਜਿਸਟ ਨਾਲ ਸੁਣਨ ਸ਼ਕਤੀ ਦੀ ਜਾਂਚ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਸ ਜਾਂਚ ਦਾ ਸਮਾਂ ਤੁਹਾਡੇ ਬੱਚੇ ਦੀਆਂ ਖਾਸ ਲੋੜਾਂ ਉਪਰ ਆਧਾਰਿਤ ਹੋਵੇਗਾ। ਭਾਂਵੇਂ ਕਿ ਇਹਨਾਂ ਖਤਰੇ ਦੇ ਕਾਰਕਾਂ ਵਾਲੇ ਬਹੁਤ ਥੋੜ੍ਹੇ ਬੱਚੇ ਬੋਲੇਪਨ ਵੱਲ ਵਿਕਾਸ ਕਰਦੇ ਹਨ, ਇਹ ਮਹੱਤਵਪੂਰਣ ਹੈ ਕਿ ਤੁਹਾਡੇ ਬੱਚੇ ਦੀ ਜਾਂਚ ਯਕੀਨੀ ਕੀਤੀ ਜਾਵੇ।

ਯਾਦ ਰੱਖੋ ਕਿ ਸਾਰੇ ਬੱਚਿਆਂ ਦੀ ਸੁਣਨ ਸ਼ਕਤੀ ਸਮੇਂ ਨਾਲ ਬਦਲ ਸਕਦੀ ਹੈ। ਜੇਕਰ ਆਪਣੇ ਬੱਚੇ ਦੀ ਸੁਣਨ ਦੀ ਸ਼ਕਤੀ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ, ਆਪਣੇ ਡਾਕਟਰ ਜਾਂ ਸਥਾਨਿਕ ਕਲੀਨਿਕ ਦੇ ਕਰਮਚਾਰੀਆਂ ਨਾਲ ਸੰਪਰਕ ਕਰੋ। ਬੱਚਿਆਂ ਦੀ ਸੁਣਨ ਦੀ ਸ਼ਕਤੀ ਦੀ ਜਾਂਚ ਕਿਸੇ ਵੀ ਉਮਰ ਵਿੱਚ ਕੀਤੀ ਜਾ ਸਕਦੀ ਹੈ।

## ਅੱਗੇ ਭੇਜਣ’ ਦੇ ਨਤੀਜੇ ਦਾ ਕੀ ਮਤਲਬ ਹੈ?

ਸੁਣਨ ਦੀ ਸ਼ਕਤੀ ਦੀ ਛਾਣਬੀਣ ਵਿੱਚ ‘ਅੱਗੇ ਭੇਜਣ’ ਵਾਲੇ ਨਤੀਜੇ ਦੇ ਕਈ ਕਾਰਣ ਹੋ ਸਕਦੇ ਹਨ:

- ਤੁਹਾਡਾ ਬੱਚਾ ਛਾਣਬੀਣ ਦੇ ਦੌਰਾਨ ਅਸ਼ਾਂਤ ਸੀ।
- ਛਾਣਬੀਣਾਂ ਦੇ ਦੌਰਾਨ ਪਿਛੋਕੜ ਵਿੱਚ ਆਵਾਜ਼ਾਂ ਹੋ ਸਕਦੀਆਂ ਹਨ।
- ਤੁਹਾਡਾ ਬੱਚੇ ਨੂੰ ਜਨਮ ਤੋਂ ਬਾਅਦ ਕੰਨ ਵਿੱਚ ਤਰਲ ਪਦਾਰਥ ਜਾਂ ਆਰਜ਼ੀ ਰੁਕਾਵਟ ਹੋ ਸਕਦੀ ਹੈ।
- ਬਹੁਤ ਥੋੜ੍ਹੇ ਬੱਚਿਆਂ ਨੂੰ ਆਰਜ਼ੀ ਤੌਰ ਤੇ ਜਾਂ ਪੱਕਾ ਬੋਲਾਪਨ ਹੋ ਸਕਦਾ ਹੈ। ਨੁਕਸਾਨ ਦਾ ਦਰਜਾ ਹਲਕੇ ਤੋਂ ਲੈ ਕੇ ਡੂੰਘਾ ਹੋ ਸਕਦਾ ਹੈ।

ਜੇਕਰ ਤੁਹਾਡੇ ਬੱਚੇ ਦੀ ਪਹਿਲੀ ਸੁਣਨ ਦੀ ਛਾਣਬੀਣ ਇਕ ਜਾਂ ਦੋਵਾਂ ਕੰਨਾਂ ਦੇ ‘ਅੱਗੇ ਭੇਜਣ’ ਵਾਲੇ ਨਤੀਜੇ ਵਿਖਾਉਂਦੀ ਹੈ, ਸੁਣਨ ਦੀ ਦੂਸਰੀ ਛਾਣਬੀਣ ਦੋਵਾਂ ਕੰਨਾਂ ਉਪਰ ਕੀਤੀ ਜਾਵੇਗੀ।

ਜੇਕਰ ਤੁਹਾਡੇ ਬੱਚੇ ਦੀ ਦੂਸਰੀ ਸੁਣਨ ਦੀ ਛਾਣਬੀਣ ਇਕ ਜਾਂ ਦੋਵਾਂ ਕੰਨਾਂ ਦੇ ‘ਅੱਗੇ ਭੇਜਣ’ ਵਾਲੇ ਨਤੀਜੇ ਵਿਖਾਉਂਦੀ ਹੈ, ਤੁਹਾਨੂੰ ਜਾਂਚ ਵਾਸਤੇ ਔਡੀਓਲੋਜਿਸਟ ਕੋਲ ਭੇਜਣ ਦੇ ਨਾਲ ਨਾਲ ਪਰਿਵਾਰ ਸਹਾਇਤਾ ਸੇਵਾ ਕੋਲ ਭੇਜਿਆ ਜਾਵੇਗਾ। ਇਸ ਨੂੰ ਹੋਰ ਵਿਸਥਾਰ ਨਾਲ ਸਮਝਾਉਣ ਲਈ ਤੁਹਾਨੂੰ ਵਾਧੂ ਕਿਤਾਬਚਾ ਦਿੱਤਾ ਜਾਵੇਗਾ।

## ਮੈਂ ਜ਼ਿਆਦਾ ਜਾਣਕਾਰੀ ਕਿੱਥੋਂ ਲੈ ਸਕਦੀ ਹਾਂ?

ਜੇਕਰ ਤੁਹਾਨੂੰ ਆਪਣੇ ਬੱਚੇ ਦੀ ਸੁਣਨ ਸ਼ਕਤੀ ਦੀ ਛਾਣਬੀਣ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ, ਆਪਣੇ ਸਥਾਨਿਕ ਹਸਪਤਾਲ, ਆਪਣੇ ਬੱਚੇ ਦੇ ਡਾਕਟਰ, ਜਾਂ ਆਪਣੇ ਸਥਾਨਿਕ ਕਲੀਨਿਕ ਦੇ ਕਰਮਚਾਰੀਆਂ ਨਾਲ ਸੰਪਰਕ ਕਰੋ।






